**ਅਕਾਦਮਿਕ ਸਾਲ 2024-25**

**ਵਿਸ਼ਾ- ਮੀਡੀਆ ਸਟੱਡੀਜ਼**

**ਸ਼੍ਰੇਣੀ-ਬਾਰ੍ਹਵੀਂ**

**ਮਾਡਲ ਪ੍ਰਸ਼ਨ ਪੱਤਰ**

**ਸਮਾਂ : ਤਿੰਨ ਘੰਟੇ** **ਕੁੱਲ ਅੰਕ: 80**

**ਨੋਟ: ਪ੍ਰਸ਼ਨ ਪੱਤਰ ਦੇ 4 ਭਾਗ ਹਨ ਜਿਨ੍ਹਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਪ੍ਰਸ਼ਨਾਂ ਦੇ ਉਪ-ਭਾਗਾਂ ਨੂੰ ਹੱਲ ਕਰਨ ਸਬੰਧੀ ਹਦਾਇਤਾਂ ਹਰ ਭਾਗ ਦੇ ਅਰੰਭ ਵਿੱਚ ਦਿੱਤੀਆਂ ਗਈਆਂ ਹਨ। ਹਦਾਇਤਾਂ ਅਨੁਸਾਰ ਹੀ ਪ੍ਰਸ਼ਨ ਪੱਤਰ ਹੱਲ ਕਰੋ।**

**ਭਾਗ-ੳ**

**I. ਇਸ ਪ੍ਰਸ਼ਨ ਦੇ ਸਾਰੇ ਉਪ ਭਾਗ ਵਸਤੂਨਿਸ਼ਠ ਪ੍ਰਸ਼ਨ ਹਨ ਅਤੇ ਸਾਰੇ ਲਾਜ਼ਮੀ ਹਨ। 1×20=20**

1. ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਦੀ ਪੰਜਾਬੀ ਬੋਲੀ ਨੂੰ ਪ੍ਰਮੁੱਖ ਦੇਣ ਕੀ ਰਹੀ?

   ੳ) ਬੋਲੀ ਅਪਨਾਉਣਾ (ਅ) ਲਿਪੀ ਪ੍ਰਦਾਨ ਕਰਨਾ

   (ੲ) ਬਾਣੀ ਦਾ ਉਲੱਥਾ (ਸ) ਵਪਾਰਕ ਚਿੰਨ੍ਹ ਦੇਣੇ

2. ਭਾਰਤ ਵਿੱਚ ਸਰਕਾਰੀ ਰੇਡੀਓ ਤੇ ਟੈਲੀਵਿਜ਼ਨ ਸੇਵਾਵਾਂ ਕਿਹੜੇ ਸਾਲ ਵਿੱਚ ਵੱਖ-ਵੱਖ ਹੋਈਆਂ ਸਨ?

   (ੳ) 1976 (ਅ) 1982 (ੲ) 1965 (ਸ) 1959

3. ਦ ਟ੍ਰਿਬਿਊਨ ਦੇ ਸੰਸਥਾਪਕ ਸੰਪਾਦਕ (Founder editor) ਕੌਣ ਸਨ?

   (ੳ) ਸੀਤਲਾ ਕਾਂਤ ਚੈਟਰਜੀ (ਅ) ਸੁਰਿੰਦਰ ਨਾਥ ਬੈਨਰਜੀ

   (ੲ) ਦਿਆਲ ਸਿੰਘ ਮਜੀਠੀਆ (ਸ) ਡੌਨਲਡ ਬੈਨਰਜੀ

4. ਚੀਫ਼ ਖ਼ਾਲਸਾ ਦੀਵਾਨ ਇਨ੍ਹਾਂ ਵਿੱਚੋਂ ਕੀ ਹੈ?

   (ੳ) ਸੰਸਥਾ ਦਾ ਮੁਖੀ (ਅ) ਧਾਰਮਿਕ-ਸਮਾਜਿਕ ਸੰਸਥਾ

   (ੲ) ਫ਼ਰਨੀਚਰ ਦੀ ਕਿਸਮ (ਸ) ਨਿਰੋਲ ਧਾਰਮਿਕ ਸੰਸਥਾ

5. ਈਡੀਅਟ ਬਾਕਸ (Idiot Box) ਦੀ ਉਪਮਾਂ ਸੰਚਾਰ ਦੇ ਕਿਹੜੇ ਸਾਧਨ ਨੂੰ ਦਿੱਤੀ ਗਈ?

   (ੳ) ਰੇਡੀਓ (ਅ) ਟੈਲੀਵਿਜ਼ਨ (ੲ) ਟੈਲੀਫੋਨ (ਸ) ਸੈਟੇਲਾਈਟ

6. ਨੋਰ੍ਹਾ ਰਿਚਰਡਜ਼ ਕਿਹੜੇ ਮੂਲ ਦੇ ਸਨ?

   (ੳ) ਇੰਗਲਿਸ਼ (ਅ) ਆਇਰਿਸ਼ (ੲ) ਸਕਾਟਿਸ਼ (ਸ) ਅਮੈਰਿਕਨ

7. ਭਾਰਤੀ ਟੈਲੀਵਿਜ਼ਨ ਉਤੇ ਪ੍ਰਸਾਰਤ ਪ੍ਰਥਮ ਲੜੀਵਾਰ ਨਾਟ ਕਿਹੜਾ ਸੀ?

(ੳ) ਬੁਨਿਆਦ (ਅ) ਯੇ ਜੋ ਹੈ ਜ਼ਿੰਦਗੀ (ੲ) ਹਮ ਲੋਗ (ਸ) ਨੁੱਕੜ

8. ਵੱਟਸਐਪ ਵਿੱਚ ਐਪ ਤੋਂ ਕੀ ਭਾਵ ਹੈ?

(ੳ) ਐਪਲੀਕੇਸ਼ਨ (ਅ) ਐਪਲਾਇੰਸ (ੲ) ਐਪਲ (ਸ) ਐਪੇਲੈਂਟ ਅਥਾਰਿਟੀ

9. ਵਿਗਿਆਪਨ ਆਮ ਕਰਕੇ ਕਿਹੜੇ ਪੱਧਰ ਦੇ ਸੰਚਾਰ ਲਈ ਵਰਤੇ ਜਾਂਦੇ ਹਨ ?

(ੳ) ਜਨ-ਸੰਚਾਰ (ਅ) ਅੰਤਰ-ਮਾਨਵੀ ਸੰਚਾਰ (ੲ) ਗੁੱਟ-ਸੰਚਾਰ (ਸ) ਲੋਕ-ਸੰਪਰਕ

10. ਭਾਰਤ ਦਾ ਪਹਿਲਾ ਅਖ਼ਬਾਰ 'ਕਲਕੱਤਾ ਜਨਰਲ ਐਡਵਰਟਾਈਜ਼ਰ' ਕਦੋਂ ਤੇ ਕਿੱਥੇ ਸ਼ੁਰੂ ਹੋਇਆ?

(ੳ) ਸੰਨ 1785, ਪਲਾਸੀ (ਅ) ਸੰਨ 1780, ਕਲਕੱਤਾ

(ੲ) ਸੰਨ 1784, ਕਲਕੱਤਾ (ਸ) ਸੰਨ 1785, ਮਦਰਾਸ

11. ਪੰਡਤ ਮਦਨ ਮੋਹਨ ਮਾਲਵੀਆ ਕਿਹੜੇ ਦੋ ਅਖ਼ਬਾਰਾਂ ਨਾਲ ਸਿੱਧੇ ਤੌਰ 'ਤੇ ਸਬੰਧਤ ਸਨ?

12. ਦੂਰਦਰਸ਼ਨ ਦਾ ਪ੍ਰਮੁੱਖ ਉਦੇਸ਼ ਕੀ ਹੈ?

13. ਪੰਜਾਬੀ ਜਾਗਰਣ ਦੀ ਪਿੱਤਰੀ ਕੰਪਨੀ ਦਾ ਕੀ ਨਾਮ ਹੈ,ਜੋ ਦੈਨਿਕ ਜਾਗਰਣ ਨਾਮ ਦਾ ਹਿੰਦੀ ਅਖ਼ਬਾਰ ਵੀ ਪ੍ਰਕਾਸ਼ਿਤ ਕਰਦੀ ਹੈ?

14. ਆਲ ਇੰਡੀਆ ਰੇਡੀਓ ਦੀ ਰਿਪੋਰਟਿੰਗ ਨੂੰ __________ਖੰਡਾਂ ਵਿੱਚ ਵੰਡਿਆ ਗਿਆ ਹੈ।

15. ਮੁੰਬਈ ਵਿੱਚ 'ਰੇਡੀਓ ਕਲੱਬ ਔਫ਼ ਬੌਂਬੇ' ਦੀ ਸਥਾਪਨਾ ਸੰਨ _______ ਵਿੱਚ ਹੋਈ ਸੀ।

16. ਟੀ.ਵੀ ਸਕ੍ਰੀਨ ਉੱਤੇ ਚਿੱਤਰ ਬਾਰੇ ਪਿੱਠਵਰਤੀ ਵਿਆਖਿਆ ਨੂੰ __________ ਆਖਦੇ ਹਨ ?

17. ਆਲ ਇੰਡੀਆ ਰੇਡੀਓ (A.I.R) ਦੇ ਮੁੱਖ ਦਫ਼ਤਰ ਵਿੱਚ ਸਥਿੱਤ N.S.D ਤੋਂ ਕੀ ਭਾਵ ਹੈ?

18. ਪ੍ਰਸਾਰ ਭਾਰਤੀ ਦਾ ਦਫ਼ਤਰ ਕਿਹੜੀ ਇਮਾਰਤ ਵਿੱਚ ਬਣਾਇਆ ਗਿਆ ਹੈ?

19. D.T.H ਤੋਂ ਕੀ ਭਾਵ ਹੈ?

20. ਮੈਜਿਕ ਬਾਕਸ (Magic Box) ਦੀ ਉਪਮਾਂ ਸੰਚਾਰ ਦੇ ਕਿਹੜੇ ਸਾਧਨ ਨੂੰ ਦਿੱਤੀ ਗਈ?

## ਭਾਗ-ਅ

**II. ਹੇਠ ਲਿਖੇ 9 ਪ੍ਰਸ਼ਨਾਂ ਵਿੱਚ ਕੋਈ ਛੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਹਰੇਕ ਦੇ ਚਾਰ ਅੰਕ ਹਨ ਅਤੇ ਹਰੇਕ ਦਾ ਉੱਤਰ 30-40 ਸ਼ਬਦਾਂ ਵਿੱਚ ਦਿਓ । 4×6=24**

1. ਭਾਰਤੀ ਇਸਤਰੀ ਦੇ ਚਰਿੱਤਰ ਤੇ ਕੇਂਦਰਿਤ ਸ਼ਾਹਕਾਰ ਫਿਲਮਾਂ ਵਿੱਚੋਂ ਕਿਸੇ ਦੋ ਫ਼ਿਲਮਾਂ ਅਤੇ ਚਰਿਤਰ ਨਿਭਾਉਣ ਵਾਲੀਆਂ ਅਦਾਕਾਰਾਂ ਦੇ ਨਾਮ ਲਿਖੋ। ?
2. ਦੱਖਣੀ ਏਸ਼ਿਆਈ ਖਿੱਤੇ ਵਿੱਚ ਕੋਈ ਦੋ ਸਥਾਨ ਲਿਖੋ ਜਿਥੇ ਰੇਡੀਓ ਸੇਵਾ ਪਹਿਲੀ ਵਾਰ ਅਰੰਭ ਹੋਈ। ਅਰੰਭ ਹੋਣ ਦਾ ਸਾਲ ਵੀ ਦੱਸੋ।
3. ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਬੋਲੀਆਂ ਦੀਆਂ ਆਪਣੀਆਂ ਕਿਹੜੀਆਂ ਪ੍ਰਚੱਲਤ ਲਿਪੀਆਂ ਹਨ ?
4 ਛਪਾਈ ਤਕਨੀਕ ਦੇ ਇਤਿਹਾਸ ਬਾਰੇ ਸੰਖੇਪ ਵਿੱਚ ਜਾਣੂ ਕਰਵਾਓ ।
5. ਸੁਏਜ਼ ਨਹਿਰ ਦੀ ਸਥਾਪਨਾ ਦਾ ਭਾਰਤ ਅਤੇ ਯੂਰਪ ਦੇ ਸੰਚਾਰ ’ਤੇ ਕਿਵੇਂ ਅਸਰ ਪਿਆ ?
6. ਫ਼ਿਲਮ ਸੰਗੀਤ ਵਿੱਚ ਪੰਜਾਬ ਦੇ ਵੱਡੇ ਨਾਮਾਂ ਅਤੇ ਗਾਇਕੀ ਵਿੱਚ ਵੱਡੇ ਨਾਮਾਂ ਦੀ ਚਰਚਾ ਕਰੋ।
7. ਸੈਨਿਕ ਜੀਵਨ ਨਾਲ ਸਬੰਧਤ ਪੇਸ਼ਕਾਰੀ ਵਾਲੀ ਕਿਸੇ ਪੁਰਾਣੀ ਫ਼ਿਲਮ ਬਾਰੇ ਲਿਖੋ।
8. ਪੰਜਾਬੀ ਫਿਲਮ ‘ਨਾਬਰ’ ਦਾ ਮੂਲ ਮਨੋਰਥ ਕੀ ਹੈ ?
9. ਭਾਰਤ ਅਖ਼ਬਾਰਾਂ ਦੀ ਛਪਾਈ ਕਦੋਂ,ਕਿਸ ਨੇ,ਕਿੱਥੋਂ ਅਤੇ ਕਿਵੇਂ ਅਰੰਭੀ ਸੀ ?

## ਭਾਗ-ੲ

**ਨੋਟ- ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ-ਇੱਕ ਅੰਦਰੂਨੀ ਛੋਟ ਅਨੁਸਾਰ ਕਰੋ। ਹਰੇਕ ਪ੍ਰਸ਼ਨ ਦਾ ਉੱਤਰ ਘੱਟੋ-ਘੱਟ 10-12 ਵਾਕਾਂ ਵਿੱਚ ਜ਼ਰੂਰ ਦਿਓ। 8×3=24**

III. ਪਿਛਲੇ ਦੋ ਦਹਾਕਿਆਂ ਤੋਂ ਕਿਹੜੇ-ਕਿਹੜੇ ਪੱਖਾਂ ਤੋਂ ਮੀਡੀਆ ਰਿਪੋਰਟਿੰਗ ਵਿੱਚ ਗਿਰਾਵਟ ਦਿਖਦੀ ਹੈ?

**ਜਾਂ**

‘ਚੱਕਰਵਿਊ’ ਜਾਂ ‘ਪੀਪਲੀ ਲਾਈਵ’ ਸਮਾਜ ਦੀ ਕਿਹੋ ਜਿਹੀ ਹਾਲਤ ਦਾ ਚਿਤਰਣ ਕਰਦੀ ਹੈ? ਚਰਚਾ ਕਰੋ।

IV. ਕਿਸੇ ਫਿਲਮ ਦਾ ਰਿਵਿਊ ਲਿਖਣ ਲਈ ਕੀ ਤਿਆਰੀ ਕੀਤੀ ਜਾਣੀ ਚਾਹੀਦੇ ਹੈ ?

**ਜਾਂ**

ਫੋਟੋਗਰਾਫ਼ ਜਾਂ ਤਸਵੀਰਾਂ ਦਾ ਅਖ਼ਬਾਰ ਵਿੱਚ ਕੀ ਰੋਲ ਹੁੰਦਾ ਹੈ? ਵਿਸਥਾਰ ਵਿੱਚ ਵਿਆਖਿਆ ਕਰੋ।

V. ਪ੍ਰੈੱਸ ਕੌਂਸਲ ਆਫ਼ ਇੰਡੀਆ ਕੀ ਹੈ, ਜਾਣ-ਪਛਾਣ ਕਰਵਾਓ ।

**ਜਾਂ**

ਸੈੱਲ ਫ਼ੋਨ ਦੇ ਈਜਾਦ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਦੇ ਵੱਖ-ਵੱਖ ਪੱਖਾਂ ਤੋਂ ਜਾਣੂ ਕਰਵਾਓ ।

## ਭਾਗ-ਸ

**VI. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਅੱਗੇ ਦਿੱਤੇ ਹਰ ਪ੍ਰਸ਼ਨਾਂ ਦੇ ਉੱਤਰ ਵੱਧ ਤੋਂ ਵੱਧ 4-5 ਵਾਕਾਂ ਵਿੱਚ ਦਿਓ:**

ਸੋਸ਼ਲ ਮੀਡੀਆ ਇਨਸਾਨ ਦੀ ਜ਼ਿੰਦਗੀ ’ਚ ਵੱਡਾ ਰੋਲ ਅਦਾ ਕਰਦਾ ਹੈ। ਇਹ ਅਜਿਹਾ ਪਲੇਟਫਾਰਮ ਹੈ, ਜਿਸ ਤੋਂ ਅਸੀਂ ਕਈ ਪ੍ਰਕਾਰ ਦੀ ਸੂਚਨਾ ਪ੍ਰਾਪਤ ਕਰ ਸਕਦੇ ਹਾਂ ਤੇ ਨੌਜਵਾਨ ਕਈ ਤਰ੍ਹਾਂ ਦੇ ਮੌਕੇ ਪ੍ਰਾਪਤ ਕਰ ਸਕਦੇ ਹਨ। ਇਹ ਵਿਦਿਆਰਥੀਆਂ ਲਈ ਗਿਆਨ ਦਾ ਸਾਧਨ ਅਤੇ ਜਿਸ ਨੂੰ ਨਵੇਂ ਤਰੀਕਿਆਂ ਨਾਲ ਵਿੱਦਿਆ ਦੇ ਪ੍ਰਸਾਰ ਲਈ ਵਰਤਿਆ ਜਾਂਦਾ ਹੈ। ਇਹ ਵਿਦਿਆਰਥੀਆਂ ਲਈ ਗਿਆਨ ਦਾ ਸਾਧਨ ਹੈ ਜਿਸ ਨੂੰ ਨਵੇਂ ਤਰੀਕਿਆਂ ਨਾਲ ਵਿੱਦਿਆ ਦੇ ਪ੍ਰਸਾਰ ਲਈ ਵਰਤਿਆ ਜਾਂਦਾ ਹੈ। ਫੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਆਦਿ ਰਾਹੀਂ ਅਜੋਕੇ ਵਿਦਿਆਰਥੀ ਕਾਫ਼ੀ ਗਿਆਨ ਪ੍ਰਾਪਤ ਕਰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਕੁਝ ਨਾ ਕੁਝ ਨਵਾਂ ਸਿੱਖਣ ਦਾ ਮੌਕਾ ਮਿਲਦਾ ਰਹਿੰਦਾ ਹੈ। ਕਈ ਵਿਦਿਆਰਥੀ ਹਰ ਰੋਜ਼ ਕਈ-ਕਈ ਘੰਟੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਬਹੁਤੇ ਮਾਪੇ ਇਸ ਪ੍ਰਤੀ ਚਿੰਤਤ ਵੀ ਹਨ ਕਿ ਉਨ੍ਹਾਂ ਦੇ ਬੱਚੇ ਸਾਰਾ-ਸਾਰਾ ਦਿਨ “ਮੋਬਾਈਲਾਂ ਨਾਲ ਚਿੰਬੜੇ” ਰਹਿੰਦੇ ਹਨ ਤੇ ਪੜ੍ਹਾਈ ਵੱਲ ਘੱਟ ਧਿਆਨ ਦਿੰਦੇ ਹਨ। ਸੋਸ਼ਲ ਮੀਡੀਆ ਦੇ ਪ੍ਰਭਾਵਾਂ ਵੱਲ ਨਜ਼ਰ ਮਾਰੀਏ ਤਾਂ ਸਾਡਾ ਸਭ ਤੋਂ ਪਹਿਲਾਂ ਪ੍ਰਸ਼ਨ ਇਹੀ ਹੈ ਕਿ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਇੰਨਾ ਪਸੰਦ ਕਿਉਂ ਹੈ? ਕਿਉਂ ਵਿਦਿਆਰਥੀ ਇਸ ਪਿੱਛੇ ਇੰਨੇ ਪਾਗਲ ਹੋਏ ਰਹਿੰਦੇ ਹਨ? ਕੀ ਉਹ ਇਸ ਤੋਂ ਬਿਨਾਂ ਰਹਿ ਨਹੀਂ ਸਕਦੇ, ਤਾਂ ਇਸ ਦੇ ਉੱਤਰ ਵਿਚ ਅਸੀਂ ਵੇਖਦੇ ਹਾਂ ਕਿ ਸੋਸ਼ਲ ਮੀਡੀਆ ਅੱਜ ਦੇ ਵਿਦਿਆਰਥੀਆਂ ਦੀ ਉਹ ਪਛਾਣ ਹੈ, ਜਿਸ ਜ਼ਰੀਏ ਉਹ ਜੋ ਚਾਹੁਣ, ਕਰ ਸਕਦੇ ਹਨ। ਇਸ ਜ਼ਰੀਏ ਉਹ ਆਪਣੇ ਨਵੇਂ ਦੋਸਤ ਬਣਾਉਂਦੇ ਹਨ। ਕਈਆਂ ਨੂੰ ਉਹ ਚੰਗੀ ਤਰ੍ਹਾਂ ਜਾਣਦੇ ਵੀ ਨਹੀਂ ਹੁੰਦੇ ਪਰ ਫਿਰ ਵੀ ਫੇਸਬੁਕ ਜਾਂ ਇੰਸਟਾਗ੍ਰਾਮ ਰਾਹੀਂ ਉਹ ਉਨ੍ਹਾਂ ਦੇ ਕਾਫ਼ੀ ਨਜ਼ਦੀਕ ਆ ਜਾਂਦੇ ਹਨ। ਕਈ ਵਿਦਿਆਰਥੀ ਇਸ ਦੀ ਵਰਤੋਂ ਬਹੁਤ ਜ਼ਿਆਦਾ ਕਰਨ ਕਰਕੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਉਹ ਇੱਥੇ ਤਰ੍ਹਾਂ-ਤਰ੍ਹਾਂ ਦੀਆਂ ਵੀਡੀਓਜ਼ ਦੇਖਦੇ ਤੇ ਖ਼ੁਦ ਨੂੰ ਉਨ੍ਹਾਂ ਵਰਗਾ ਬਣਾਉਣ ਦੀ ਸੋਚਣ ਲੱਗਦੇ ਹਨ। ਬਹੁਤ ਸਾਰੇ ਬੱਚੇ ਸੌਣ ਤੋਂ ਪਹਿਲਾਂ ਇਸ ਦੀ ਵਰਤੋਂ ਕਰਦੇ ਹਨ, ਜਿਸ ਕਰਕੇ ਉਹ ਪੂਰੀ ਨੀਂਦ ਵੀ ਨਹੀਂ ਲੈਂਦੇ। ਇਹੀ ਵਜ੍ਹਾ ਹੈ ਕਿ ਉਹ ਕਈ ਬਿਮਾਰੀਆਂ ਦੀ ਗ੍ਰਿਫ਼ਤ ’ਚ ਆ ਰਹੇ ਹਨ। ਸਾਰਾ ਸਮਾਂ ਮੋਬਾਈਲ ’ਤੇ ਲੱਗੇ ਰਹਿਣ ਕਰਕੇ ਉਹ ਕਿਸੇ ਦੂਸਰੇ ਬੰਦੇ ਨਾਲ ਗੱਲ ਕਰਨ ਨੂੰ ਤਿਆਰ ਨਹੀਂ ਹੁੰਦੇ, ਜਿਸ ਕਾਰਨ ਉਹ ਚਿੜਚਿੜਾ ਹੋ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਸਾਡੇ ਆਪਸੀ ਰਿਸ਼ਤੇ ਵੀ ਖ਼ਤਮ ਹੋ ਰਹੇ ਹਨ। ਵਿਦਿਆਰਥੀਆਂ ਦੀ ਲਿਖਣ ਦੀ ਯੋਗਤਾ ਘਟਦੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਨੂੰ ਸਾਰੀ ਜਾਣਕਾਰੀ ਬਣੀ ਬਣਾਈ ਸੋਸ਼ਲ ਮੀਡੀਆ ਤੋਂ ਹੀ ਪ੍ਰਾਪਤ ਹੋ ਜਾਂਦੀ ਹੈ, ਉਹ ਉਸੇ ਨੂੰ ਸੁਣ ਲੈਂਦੇ ਹਨ।

ਇਸ ਦਾ ਸਿੱਖਿਆ ’ਤੇ ਬੁਰਾ ਪ੍ਰਭਾਵ ਵੀ ਪੈ ਰਿਹਾ ਹੈ। ਸਿੱਖਿਆ ਹਰ ਇਕ ਦੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹੈ। ਹਰ ਵਿਦਿਆਰਥੀ ਲਈ ਸਭ ਤੋਂ ਪਹਿਲਾਂ ਸਿੱਖਿਆ ਜ਼ਰੂਰੀ ਹੈ, ਜਿਸ ਰਾਹੀਂ ਅਸੀਂ ਜ਼ਿੰਦਗੀ ’ਕੁਝ ਪ੍ਰਾਪਤ ਕਰ ਸਕਦੇ ਹਾਂ। ਜੇ ਅਸੀਂ ਪੜ੍ਹਾਂਗੇ ਨਹੀਂ, ਤਾਂ ਰੁਜ਼ਗਾਰ ਦੇ ਮੌਕੇ ਨਹੀਂ ਮਿਲਣਗੇ ਤੇ ਅਸੀਂ ਜ਼ਿੰਦਗੀ ਵਿਚ ਪਿੱਛੇ ਰਹਿ ਜਾਵਾਂਗੇ। ਤਕਨਾਲੋਜੀ ਸਾਡੀਆਂ ਸਹੂਲਤਾਂ ਲਈ ਵਿਕਸਤ ਹੋਈ ਹੈ ਪਰ ਇਸ ਦੀ

ਜ਼ਰੂਰਤ ਤੋਂ ਵੱਧ ਆਦਤ ਖ਼ਤਰਨਾਕ ਵੀ ਹੋ ਸਕਦੀ ਹੈ। ਫੇਸਬੁੱਕ-ਇੰਸਟਾਗ੍ਰਾਮ ਤੋਂ ਅੱਜ ਦੇ ਵਿਦਿਆਰਥੀ ਜ਼ਿਆਦਾ ਪ੍ਰਭਾਵਿਤ ਹੋ ਰਹੇ ਹਨ।

ਬੱਚਿਆਂ ਦੀ ਸਿਹਤ ’ਤੇ ਇਸ ਦਾ ਬੁਰਾ ਅਸਰ ਪੈਂਦਾ ਹੈ। ਉਹ ਸਮੇਂ ਸਿਰ ਖਾਣਾ ਨਹੀਂ ਖਾਂਦੇ। ਕਈ-ਕਈ ਘੰਟੇ ਇਸੇ ’ਤੇ ਰੁੱਝੇ ਰਹਿੰਦੇ ਹਨ। ਸਮੇਂ ਸਿਰ ਖਾਣਾ ਨਾ ਖਾਣ ਕਰਕੇ ਉਹ ਸੁਸਤ ਹੋ ਜਾਂਦੇ ਹਨ। ਉਨ੍ਹਾਂ ਦੀ ਸਰੀਰਕ ਕਿਰਿਆ ਘਟ ਰਹੀ ਹੈ। ਆਖ਼ਰ ਇਹੀ ਕਹਿ ਸਕਦੇ ਹਾਂ ਕਿ ਸੋਸ਼ਲ ਮੀਡੀਆ ਬਿਨਾਂ ਸ਼ੱਕ ਨੌਜਵਾਨਾਂ ਲਈ ਬਹੁਤ ਵਧੀਆ ਸਾਧਨ ਹੈ, ਜੇ ਜ਼ਰੂਰਤ ਲਈ ਹੀ ਇਸ ਦੀ ਵਰਤੋਂ ਕੀਤੀ ਜਾਵੇ। ਇਸ ’ਤੇ ਇੰਨੀ ਨਿਰਭਰਤਾ ਨਹੀਂ ਹੋਣੀ ਚਾਹੀਦੀ ਕਿ ਅਸੀਂ ਇਸ ਦੀ ਗ੍ਰਿਫ਼ਤ ’ਚ ਆ ਜਾਈਏ ਤੇ ਖ਼ੁਦ ਮਿਹਨਤ ਕਰਨ ਦੀ ਕੋਸ਼ਿਸ਼ ਨਾ ਕਰੀਏ। ਇਸ ਲਈ ਇਸ ਦੀ ਵਰਤੋ ਜ਼ਰੂਰ ਕਰੋ ਪਰ ਇਸ ਨੂੰ ਖ਼ੁਦ ’ਤੇ ਹਾਵੀ ਨਾ ਹੋਣ ਦਿਓ।

1. ਸੋਸ਼ਲ ਮੀਡੀਆ ਦਾ ਸਿੱਖਿਆ ’ਤੇ ਕੀ ਅਸਰ ਪੈ ਰਿਹਾ ਹੈ ?

2. ਸੋਸ਼ਲ ਮੀਡੀਆ ਰਾਹੀਂ ਸੰਚਾਰ ਦੇ ਕਿਹੜੇ-ਕਿਹੜੇ ਪੋਰਟਲ ਹਨ ?

3. ਸੋਸ਼ਲ ਮੀਡੀਆ ਕਾਰਨ ਵਿਦਿਆਰਥੀ ਕਿਸੇ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਹੇ ਹਨ ?

4. ਸੋਸ਼ਲ ਮੀਡੀਆ ਦੇ ਫਾਇਦੇ ਤੇ ਨੁਕਸਾਨ ਕੀ-ਕੀ ਹੋ ਸਕਦੇ ਹਨ ?

5. ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ ?

6. ਵਿਦਿਆਰਥੀਆਂ ਦੇ ਲਿਖਣ ਦੀ ਯੋਗਤਾ ਕਿਉਂ ਘੱਟਦੀ ਜਾ ਰਹੀ ਹੈ ?

**2×6=12**